# ਬਾਲਗਾਂ ਨੂੰ ਜਾਣਕਾਰੀ ਦੇਣ ਵਾਲੀ ਸ਼ੀਟ
# ਆਪਣੇ ਵਿੱਤੀ ਮਾਮਲਿਆਂ ਦਾ ਬੰਦੋਬਸਤ ਕਰਨ ਵਿਚ ਕਿਸੇ ਬਾਲਗ ਦੀ ਸਮਰੱਥਾ ਦਾ ਪਤਾ ਲਾਉਣਾ

## ਅਸਮਰੱਥਾ ਦੇ ਸਰਟੀਫਿਕੇਟ ਨੂੰ ਸਮਝਣਾ – *ਅਡੱਲਟ ਗਾਰਡੀਅਨਸ਼ਿਪ ਐਕਟ ਹਿੱਸਾ 2.1*

ਇਸ ਕਾਰਵਾਈ ਨੂੰ ਲੋਕਾਂ ਨਾਲ ਚੰਗਾ ਵਰਤਾਉ ਕਰਨ ਦੇ ਸਿਧਾਂਤ ਸੇਧ ਦਿੰਦੇ ਹਨ।
ਇਸ ਕਾਰਵਾਈ ਦੇ ਦੋ ਮੁੱਖ ਪੜਾ ਹਨ:

- ਅਸੈੱਸਮੈਂਟ
- ਅਸਮਰੱਥਾ (ਇਨਕੇਪੇਬਿਲਟੀ) ਦਾ ਸਰਟੀਫਿਕੇਟ

**ਇਕ: ਅਸੈੱਸਮੈਂਟ**

1. **ਅਸੈੱਸਮੈਂਟ ਦੀ ਲੋੜ ਕਦੋਂ ਹੁੰਦੀ ਹੈ?**
   - ਅਸੈੱਸਮੈਂਟ ਕਰਨ ਦੀ ਲੋੜ ਹੋ ਸਕਦੀ ਹੈ ਜਦੋਂ ਇਸ ਚੀਜ਼ ਬਾਰੇ ਫਿਕਰ ਹੁੰਦੇ ਹਨ ਕਿ ਤੁਸੀਂ ਆਪਣੇ ਵਿੱਤੀ ਮਾਮਲੇ ਨਜਿੱਠਣ ਦੇ ਯੋਗ ਨਹੀਂ ਹੋ,
   - ਤੁਹਾਡੀ ਮਦਦ ਕਰਨ ਲਈ ਕੋਈ ਹੋਰ ਮੌਜੂਦ ਨਹੀਂ ਹੈ, ਅਤੇ
   - ਤੁਹਾਡੀ ਜ਼ਿੰਦਗੀ ਵਿਚ ਮਹੱਤਵਪੂਰਨ ਵਿੱਤੀ ਮਾਮਲੇ ਹਨ ਜਿਨ੍ਹਾਂ ਦਾ ਖਿਆਲ ਰੱਖੇ ਜਾਣ ਦੀ ਲੋੜ ਹੈ।

2. **ਅਸੈੱਸਮੈਂਟ ਕਿਸ ਕੰਮ ਲਈ ਵਰਤੀ ਜਾਂਦੀ ਹੈ?**
   - ਅਸੈੱਸਮੈਂਟ ਦਾ ਮੰਤਵ ਇਹ ਪਤਾ ਲਾਉਣਾ ਹੈ ਕਿ ਕੀ ਤੁਸੀਂ ਆਪਣੇ ਪੈਸੇ ਧੇਲੇ ਨੂੰ ਸਾਂਭਣ ਦੇ ਅਯੋਗ ਹੋ।
   - ਜੇ ਅਸੈੱਸਮੈਂਟ ਦੇ ਨਤੀਜੇ ਵਿਚ ਤੁਹਾਨੂੰ ਅਸਮਰੱਥ ਸਮਝਿਆ ਜਾਂਦਾ ਹੈ ਤਾਂ ਤੁਹਾਡੇ ਪੈਸੇ ਧੇਲੇ ਦਾ ਬੰਦੋਬਸਤ ਕਰਨ ਲਈ ਪਬਲਿਕ ਗਾਰਡੀਅਨ ਐਂਡ ਟਰੱਸਟੀ ਨੂੰ ਨਿਯੁਕਤ ਕੀਤਾ ਜਾ ਸਕਦਾ ਹੈ।

3. **ਅਸੈੱਸਮੈਂਟ ਕਿਵੇਂ ਕੀਤੀ ਜਾਂਦੀ ਹੈ?**
   - ਅਸੈੱਸਮੈਂਟ ਦੇ ਦੋ ਹਿੱਸੇ ਹਨ; ਇਕ ਮੈਡੀਕਲ ਮੁਆਇਨਾ ਅਤੇ ਇਕ ਫੰਕਸ਼ਨਲ ਇਵੈਲੂਏਸ਼ਨ।
   - ਆਮ ਤੌਰ 'ਤੇ ਮੈਡੀਕਲ ਮੁਆਇਨਾ ਪਹਿਲਾਂ ਕੀਤਾ ਜਾਂਦਾ ਹੈ।
   - ਮੈਡੀਕਲ ਮੁਆਇਨਾ ਸਦਾ ਕਿਸੇ ਡਾਕਟਰ ਵਲੋਂ ਕੀਤਾ ਜਾਂਦਾ ਹੈ।
   - ਫੰਕਸ਼ਨਲ ਇਵੈਲੂਏਸ਼ਨ ਕਿਸੇ ਡਾਕਟਰ ਵਲੋਂ ਜਾਂ ਕਿਸੇ ਹੋਰ ਪੇਸ਼ਾਵਰ ਵਿਅਕਤੀ ਵਲੋਂ ਕੀਤੀ ਜਾ ਸਕਦੀ ਹੈ (ਜਿਸ ਨੂੰ ਕੁਆਲੀਫਾਇਡ ਹੈਲਥ ਕੇਅਰ ਪ੍ਰੋਵਾਈਡਰ ਆਖਿਆ ਜਾਂਦਾ ਹੈ)।
   - ਡਾਕਟਰ ਅਤੇ ਕੁਆਲੀਫਾਇਡ ਹੈਲਥ ਕੇਅਰ ਪ੍ਰੋਵਾਈਡਰ ਨੂੰ ਅਸੈੱਸਰ ਆਖਿਆ ਜਾਂਦਾ ਹੈ।
   - ਅਸੈੱਸਰ ਕਈ ਸ੍ਰੋਤਾਂ ਤੋਂ ਜਾਣਕਾਰੀ ਲੈ ਸਕਦਾ/ਸਕਦੇ ਹਨ ਪਰ ਉਹ ਇਹ ਪਤਾ ਲਾਉਣ ਲਈ ਸਦਾ ਤੁਹਾਨੂੰ ਮਿਲਣ ਦੀ ਕੋਸ਼ਿਸ਼ ਕਰਨਗੇ ਕਿ ਤੁਸੀਂ ਆਪਣੀ ਵਿੱਤੀ ਹਾਲਤ ਬਾਰੇ ਕੀ ਸਮਝ ਰੱਖਦੇ ਹੋ।

4. **ਅਸੈੱਸਮੈਂਟ ਦੀ ਕਾਰਵਾਈ ਦੌਰਾਨ ਤੁਹਾਡੇ ਹੱਕ ਕੀ ਹਨ?**
   - ਜੇ ਤੁਹਾਨੂੰ ਇਹ ਕੋਈ ਗੰਭੀਰ ਨੁਕਸਾਨ ਨਹੀਂ ਪਹੁੰਚਾਉਂਦਾ ਤਾਂ ਤੁਸੀਂ ਸਦਾ ਇਸ ਚੀਜ਼ ਬਾਰੇ ਜਾਣਕਾਰੀ ਲੈਣ ਦੇ ਹੱਕਦਾਰ ਹੋ ਕਿ ਅਸੈੱਸਮੈਂਟ ਕਾਹਦੇ ਲਈ ਕੀਤੀ ਜਾ ਰਹੀ ਹੈ, ਨਤੀਜੇ ਕੀ ਹਨ, ਅਤੇ ਪਰਿਣਾਮ ਕੀ ਹੋ ਸਕਦੇ ਹਨ।
   - ਅਸੈੱਸਮੈਂਟ ਦੌਰਾਨ (ਜਾਂ ਇਸ ਦੇ ਕਿਸੇ ਹਿੱਸੇ ਦੌਰਾਨ) ਤੁਸੀਂ ਆਪਣੇ ਨਾਲ ਮਦਦ ਕਰਨ ਵਾਲੇ ਕਿਸੇ ਵਿਅਕਤੀ ਨੂੰ ਰੱਖਣ ਲਈ ਕਹਿ ਸਕਦੇ ਹੋ।
   - ਤੁਸੀਂ ਹਿੱਸਾ ਲੈਣ ਤੋਂ ਨਾਂਹ ਕਰ ਸਕਦੇ ਹੋ (ਭਾਵੇਂ ਕਿ ਹੋਰ ਜਾਣਕਾਰੀ ਦੀ ਵਰਤੋਂ ਕਰਦੇ ਹੋਏ ਅਸੈੱਸਮੈਂਟ ਅਜੇ ਵੀ ਕੀਤੀ ਜਾ ਸਕਦੀ ਹੈ)।
   - ਫਾਇਨਲ ਅਸੈੱਸਰ ਤੁਹਾਨੂੰ ਨਤੀਜਿਆਂ ਬਾਰੇ ਦੱਸੇਗਾ।
   - ਪੂਰੀ ਹੋਣ 'ਤੇ ਤੁਸੀਂ ਅਸੈੱਸਮੈਂਟ ਰਿਪੋਰਟ ਦੀ ਕਾਪੀ ਲੈ ਸਕਦੇ ਹੋ।
   - ਤੁਸੀਂ ਅਸੈੱਸਮੈਂਟ ਬਾਰੇ ਸਵਾਲ ਪੁੱਛ ਸਕਦੇ ਹੋ ਅਤੇ ਆਪਣੇ ਫਿਕਰਾਂ ਬਾਰੇ ਵਿਚਾਰ ਕਰ ਸਕਦੇ ਹੋ।

# ਬਾਲਗਾਂ ਨੂੰ ਜਾਣਕਾਰੀ ਦੇਣ ਵਾਲੀ ਸ਼ੀਟ
# ਆਪਣੇ ਵਿੱਤੀ ਮਾਮਲਿਆਂ ਦਾ ਬੰਦੋਬਸਤ ਕਰਨ ਵਿਚ ਕਿਸੇ ਬਾਲਗ ਦੀ ਸਮਰੱਥਾ ਦਾ ਪਤਾ ਲਾਉਣਾ

**ਦੋ – ਅਸਮਰੱਥਾ (ਇਨਕੇਪੇਬਿਲਟੀ) ਦਾ ਸਰਟੀਫਿਕੇਟ**

1. **ਜੇ ਸਰਟੀਫਿਕੇਟ ਜਾਰੀ ਕੀਤਾ ਜਾਣਾ ਹੈ:**
    - ਨਤੀਜੇ ਹੈਲਥ ਅਥਾਰਟੀ ਨਾਲ ਕੰਮ ਕਰਨ ਵਾਲੇ ਕਿਸੇ ਵਿਅਕਤੀ ਨੂੰ ਭੇਜੇ ਜਾਣਗੇ (ਹੈਲਥ ਅਥਾਰਟੀ ਵਲੋਂ ਨਿਯਤ ਕੋਈ ਵਿਅਕਤੀ)। ਇਹ ਵਿਅਕਤੀ ਫੈਸਲਾ ਕਰੇਗਾ ਕਿ ਕੀ ਅਸਮਰੱਥਾ (ਇਨਕੇਪੇਬਿਲਟੀ) ਦਾ ਸਰਟੀਫਿਕੇਟ ਜਾਰੀ ਕਰਨਾ ਹੈ।
    - ਜੇ ਹੈਲਥ ਅਥਾਰਟੀ ਵਲੋਂ ਨਿਯਤ ਵਿਅਕਤੀ, ਮਦਦ ਲਈ ਤੁਹਾਡੀ ਲੋੜ ਬਾਰੇ ਨਤੀਜਿਆਂ ਅਤੇ ਹੋਰ ਜਾਣਕਾਰੀ ਤੋਂ ਸੰਤੁਸ਼ਟ ਹੋਵੇ ਤਾਂ ਉਹ ਤੁਹਾਨੂੰ ਅਤੇ ਤੁਹਾਡੀ ਪਤਨੀ/ਪਤੀ ਜਾਂ ਪਰਿਵਾਰ ਦੇ ਕਿਸੇ ਹੋਰ ਮੈਂਬਰ ਨੂੰ ਲਿਖਤੀ ਰੂਪ ਵਿਚ ਇਕ ਨੋਟਿਸ ਭੇਜਣਗੇ, ਜੇ ਇਹ ਤੁਹਾਡਾ ਕੋਈ ਨੁਕਸਾਨ ਨਾ ਕਰਦਾ ਹੋਵੇ। ਇਹ ਨੋਟਿਸ ਇਹ ਕਹੇਗਾ ਕਿ ਉਨ੍ਹਾਂ ਦੀ ਅਸਮਰੱਥਾ ਦਾ ਸਰਟੀਫਿਕੇਟ ਜਾਰੀ ਕਰਨ ਦੀ ਪਲੈਨ ਹੈ।
    - ਲਿਖਤੀ ਨੋਟਿਸ ਇਹ ਵਰਣਨ ਕਰੇਗਾ ਕਿ ਹੈਲਥ ਅਥਾਰਟੀ ਵਲੋਂ ਨਿਯਤ ਵਿਅਕਤੀ ਅਸਮਰੱਥਾ ਦਾ ਸਰਟੀਫਿਕੇਟ ਜਾਰੀ ਕਰਨ ਦੀ ਪਲੈਨ ਕਿਉਂ ਬਣਾ ਰਿਹਾ ਹੈ।
    - ਸਰਟੀਫਿਕੇਟ ਦੇ ਜਾਰੀ ਹੋਣ ਤੋਂ ਪਹਿਲਾਂ ਤੁਹਾਨੂੰ ਅਤੇ ਤੁਹਾਡੀ ਪਤਨੀ/ਤੁਹਾਡੇ ਪਤੀ ਜਾਂ ਨੇੜੇ ਦੇ ਰਿਸ਼ਤੇਦਾਰ (ਪਰਿਵਾਰ ਦੇ ਮੈਂਬਰ) ਨੂੰ ਨੋਟਿਸ ਦਾ ਜਵਾਬ ਦੇਣ ਦਾ ਮੌਕਾ ਮਿਲੇਗਾ।
    - ਜੇ ਹੈਲਥ ਅਥਾਰਟੀ ਵਲੋਂ ਨਿਯਤ ਵਿਅਕਤੀ, ਅਸਮਰੱਥਾ ਦਾ ਸਰਟੀਫਿਕੇਟ ਜਾਰੀ ਕਰਦਾ ਹੈ ਤਾਂ ਤੁਹਾਨੂੰ ਅਤੇ ਤੁਹਾਡੀ ਪਤਨੀ/ਪਤੀ ਜਾਂ ਪਰਿਵਾਰ ਦੇ ਮੈਂਬਰ ਨੂੰ ਇਸ ਦੀ ਕਾਪੀ ਭੇਜੀ ਜਾਵੇਗੀ।
    - ਸਰਟੀਫਿਕੇਟ ਦੇ ਜਾਰੀ ਹੋ ਜਾਣ ਤੋਂ ਬਾਅਦ – ਤੁਹਾਡੇ ਪੈਸੇ ਧੇਲੇ ਦਾ ਬੰਦੋਬਸਤ ਕਰਨ ਲਈ ਪਬਲਿਕ ਗਾਰਡੀਅਨ ਐਂਡ ਟਰੱਸਟੀ ਤੁਹਾਡੀ ਕਮੇਟੀ ਔਫ ਇਸਟੇਟ ਬਣ ਜਾਂਦਾ ਹੈ।
    - ਪਬਲਿਕ ਗਾਰਡੀਅਨ ਐਂਡ ਟਰੱਸਟੀ ਤੁਹਾਨੂੰ ਅਤੇ ਤੁਹਾਡੀ ਪਤਨੀ/ਪਤੀ ਜਾਂ ਨੇੜੇ ਦੇ ਰਿਸ਼ਤੇਦਾਰ (ਪਰਿਵਾਰ ਦੇ ਮੈਂਬਰ) ਨੂੰ ਇਹ ਦੱਸੇਗਾ ਕਿ ਤੁਹਾਨੂੰ ਇਕ ਹੋਰ ਅਸੈੱਸਮੈਂਟ ਕਰਵਾਉਣ ਲਈ ਕਹਿਣ ਦਾ ਹੱਕ ਹੈ।
    - ਜੇ ਉਸ ਅਸੈੱਸਮੈਂਟ ਦੇ ਨਤੀਜੇ ਵਜੋਂ ਤੁਸੀਂ ਸਮਰੱਥ ਸਮਝੇ ਜਾਂਦੇ ਹੋ ਤਾਂ ਹੈਲਥ ਅਥਾਰਟੀ ਵਲੋਂ ਨਿਯਤ ਵਿਅਕਤੀ ਪਬਲਿਕ ਗਾਰਡੀਅਨ ਐਂਡ ਟਰੱਸਟੀ ਨੂੰ ਦੱਸੇਗਾ ਅਤੇ ਸਰਟੀਫਿਕੇਟ ਕੈਂਸਲ ਕਰ ਦਿੱਤਾ ਜਾਵੇਗਾ। ਇਸ ਦਾ ਮਤਲਬ ਹੈ ਕਿ ਪਬਲਿਕ ਗਾਰਡੀਅਨ ਐਂਡ ਟਰੱਸਟੀ ਤੁਹਾਡੇ ਪੈਸੇ ਧੇਲੇ ਦਾ ਕੰਟਰੋਲ ਤੁਹਾਨੂੰ ਵਾਪਸ ਕਰ ਦੇਵੇਗਾ।

2. **ਜ਼ਿਆਦਾ ਜਾਣਕਾਰੀ**
    - ਹੋਰ ਜਾਣਕਾਰੀ ਪਬਲਿਕ ਗਾਰਡੀਅਨ ਐਂਡ ਟਰੱਸਟੀ ਦੇ ਵੈੱਬਸਾਈਟ ਉੱਪਰ ਹੈ: www.trustee.bc.ca
    - ਜਿਹੜੇ ਹੋਰ ਲੋਕ ਤੁਹਾਨੂੰ ਜਾਣਕਾਰੀ ਦੇਣ/ਮਦਦ ਕਰਨ ਦੇ ਯੋਗ ਹੋ ਸਕਦੇ ਹਨ ਉਨ੍ਹਾਂ ਵਿਚ ਸ਼ਾਮਲ ਹਨ:
        - ਪੀ ਜੀ ਟੀ ਦਾ ਸਟਾਫ
        - ਤੁਹਾਡਾ ਡਾਕਟਰ ਜਾਂ ਹੋਰ ਅਸੈੱਸਰ
        - ਤੁਹਾਡਾ ਹੈਲਥ ਕੇਅਰ ਕੇਸ ਮੈਨੇਜਰ ਜਾਂ ਸੋਸ਼ਲ ਵਰਕਰ ਜੇ ਤੁਹਾਡੇ ਕੋਲ ਕੋਈ ਹੈ
        - ਤੁਹਾਡਾ ਵਕੀਲ
        - ਪਰਿਵਾਰ/ਦੋਸਤ

# ਤੁਹਾਡੀ ਵਿੱਤੀ ਨੁਕਸਾਨ ਤੋਂ ਰੱਖਿਆ ਕਰਨਾ – ਸਟੈਚੂਟਰੀ ਪ੍ਰਾਪਰਟੀ ਗਾਰਡੀਅਨਸ਼ਿਪ

ਇਕ ਨਮੂਨਾ

☐ ਤੁਹਾਡੇ ਪੈਸੇ ਅਤੇ ਤੁਹਾਡੀਆਂ ਚੀਜ਼ਾਂ ਦੀ ***ਰੱਖਿਆ*** ਕਰਨ ਦੀ ਲੋੜ ਹੋ ਸਕਦੀ ਹੈ:

- ਜੇ ਆਪਣੇ ਪੈਸੇ ਧੇਲੇ ਅਤੇ ਆਪਣੀਆਂ ਚੀਜ਼ਾਂ ਨੂੰ ***ਸਾਂਭਣ*** ਦੀ ਤੁਹਾਡੀ ਸਮਰੱਥਾ ਬਾਰੇ ਫਿਕਰ ਜ਼ਾਹਰ ਕੀਤਾ ਗਿਆ ਹੈ
- ਜੇ ਤੁਹਾਨੂੰ ਲੋੜ ਹੋਵੇ ਤਾਂ ***ਮਦਦ*** ਮੌਜੂਦ ਹੈ
- ਤੁਹਾਨੂੰ ਕਿਸੇ ਡਾਕਟਰ ਜਾਂ ਸੰਭਵ ਤੌਰ 'ਤੇ ਕਿਸੇ ਹੋਰ ਅਸੈੱਸਰ ਵਲੋਂ ***ਚੈੱਕ*** ਕੀਤਾ ਜਾਵੇਗਾ
- ਅਸੈੱਸਮੈਂਟ ਦੀ ਵਰਤੋਂ ਤੁਹਾਡੀ ਪ੍ਰਾਪਰਟੀ ਦੇ ਗਾਰਡੀਅਨ ਵਜੋਂ ਪਬਲਿਕ ਗਾਰਡੀਅਨ ਐਂਡ ਟਰੱਸਟੀ ਨੂੰ ***ਨਿਯੁਕਤ*** ਕਰਨ ਦੇ ਫੈਸਲੇ ਲਈ ਵਰਤੀ ਜਾ ਸਕਦੀ ਹੈ

☐ ਤੁਹਾਡੇ ***ਹੱਕ:***

ਤੁਹਾਨੂੰ ਇਨ੍ਹਾਂ ਚੀਜ਼ਾਂ ਦਾ ਹੱਕ ਹੈ:

- ਸਵਾਲ ***ਪੁੱਛਣ*** ਦਾ
- ਆਪਣੇ ***ਭਰੋਸੇ*** ਵਾਲੇ ਕਿਸੇ ਵਿਅਕਤੀ ਨੂੰ ਨਾਲ ਲਿਆਉਣ ਦਾ (ਜੇ ਉਹ ਦਖਲਅੰਦਾਜ਼ੀ ਨਹੀਂ ਕਰਦਾ)
- ਨਹੀਂ ***ਕਹਿਣ*** ਦਾ, ਪਰ ਅਸੈੱਸਮੈਂਟ ਤੁਹਾਡੇ ਯੋਗਦਾਨ ਤੋਂ ਬਿਨਾਂ ਕੀਤੀ ਜਾ ਸਕਦੀ ਹੈ
- ਅਸੈੱਸਮੈਂਟ ਦੇ ਨਤੀਜਿਆਂ ਨੂੰ ***ਚੁਣੌਤੀ*** ਦੇਣ ਦਾ
- ਇਕ ਹੋਰ ਰਾਇ ਲਏ ਜਾਣ ਜਾਂ ਦੁਬਾਰਾ ਅਸੈੱਸਮੈਂਟ ਲਈ ***ਕਹਿਣ*** ਦਾ
- ਅਸੈੱਸਮੈਂਟ ਰਿਪੋਰਟ ਦੀ ਕਾਪੀ ***ਲੈਣ*** ਦਾ – ਜੇ ਅਸੈੱਸਰ ਇਹ ਨਹੀਂ ਸੋਚਦਾ ਕਿ ਇਹ ਤੁਹਾਡਾ ਗੰਭੀਰ ਨੁਕਸਾਨ ਕਰ ਸਕਦੀ ਹੈ

☐ ***ਅਸੈੱਸਮੈਂਟ:***

- ਦੇ ***ਦੋ ਹਿੱਸੇ*** ਹਨ
  - ਮੈਡੀਕਲ
  - ਫੰਕਸ਼ਨਲ
- ***ਮੈਡੀਕਲ*** ਕਿਸੇ ਡਾਕਟਰ ਵਲੋਂ ਕੀਤਾ ਜਾਂਦਾ ਹੈ
- ***ਫੰਕਸ਼ਨਲ*** ਕਿਸੇ ਅਸੈੱਸਰ ਵਲੋਂ ਕੀਤਾ ਜਾਂਦਾ ਹੈ ਜੋ ਖਾਸ ਤੌਰ 'ਤੇ ਟਰੇਂਡ ਹੁੰਦਾ ਹੈ
- ***ਹੋਰ ਲੋਕ*** ਵੀ ਜਾਣਕਾਰੀ ਦੇ ਸਕਦੇ ਹਨ (ਜਿਵੇਂ ਬੈਂਕ, ਲੈਂਡਲਾਰਡ, ਦੋਸਤ, ਪਰਿਵਾਰ)
- ਇਹ ਸਿਰਫ ***ਆਪਣੇ ਪੈਸਿਆਂ ਅਤੇ ਚੀਜ਼ਾਂ*** ਨੂੰ ਸਾਂਭਣ ਦੀ ਤੁਹਾਡੀ ਸਮਰੱਥਾ ਬਾਰੇ ਹੈ

☐ ਇਸ ਦਾ ਤੁਹਾਡੇ ਲਈ ਕੀ ***ਅਰਥ*** ਹੈ?:

- ਜੇ ਅਸੈੱਸਮੈਂਟ ਤੋਂ ਇਹ ਪਤਾ ਲੱਗਦਾ ਹੈ ਕਿ ਤੁਹਾਨੂੰ ਆਪਣੇ ਪੈਸਿਆਂ ਅਤੇ ਚੀਜ਼ਾਂ ਨੂੰ ਸਾਂਭਣ ਲਈ ***ਮਦਦ*** ਦੀ ਲੋੜ ਹੈ ਤਾਂ ਤੁਹਾਡੇ ਪੈਸਿਆਂ ਅਤੇ ਚੀਜ਼ਾਂ ਦੇ ਬੰਦੋਬਸਤ ਲਈ ਪਬਲਿਕ ਗਾਰਡੀਅਨ ਐਂਡ ਟਰੱਸਟੀ ਨੂੰ ***ਨਿਯੁਕਤ*** ਕੀਤਾ ਜਾ ਸਕਦਾ ਹੈ

☐ ***ਪਬਲਿਕ ਗਾਰਡੀਅਨ ਐਂਡ ਟਰੱਸਟੀ*** ਕੌਣ ਹੈ?

- ਇਹ ਇਕ ਸਰਕਾਰੀ ਸੰਸਥਾ ਹੈ ਜਿਹੜੀ ਉਨ੍ਹਾਂ ਬਾਲਗਾਂ ਦੇ ਕਾਨੂੰਨੀ ਅਤੇ ਵਿੱਤੀ ਹਿੱਤਾਂ ਦੀ ***ਰਾਖੀ*** ਕਰਦੀ ਹੈ ਜਿਨ੍ਹਾਂ ਨੂੰ ਮਦਦ ਦੀ ਲੋੜ ਹੁੰਦੀ ਹੈ
- ***ਕਾਨੂੰਨ ਹੇਠ*** ਸਖਤ ਨਿਯਮ ਹਨ ਜਿਨ੍ਹਾਂ ਦੀ ਪਾਲਣਾ ਕਰਨਾ ਉਨ੍ਹਾਂ ਲਈ ਜ਼ਰੂਰੀ ਹੈ
- ਆਪਣੀਆਂ ਸੇਵਾਵਾਂ ਲਈ ਉਹ ***ਫੀਸਾਂ ਚਾਰਜ*** ਕਰਦੇ ਹਨ ਅਤੇ ਉਹ ਤੁਹਾਨੂੰ ਦੱਸਣਗੇ ਕਿ ਇਹ ਕਿੰਨੀਆਂ ਹਨ
- ਜਿਹੜਾ ਫੈਸਲਾ ਉਹ ਕਰ ਰਹੇ ਹਨ ਉਸ ਫੈਸਲੇ ਵਿਚ ਉਨ੍ਹਾਂ ਲਈ ਤੁਹਾਨੂੰ ਸ਼ਾਮਲ ਕਰਨਾ ਜ਼ਰੂਰੀ ਹੈ

☐ ਅਸੈੱਸਮੈਂਟ ਤੋਂ ਬਾਅਦ ***ਕੀ ਹੁੰਦਾ*** ਹੈ?

- ਤੁਹਾਨੂੰ ਤੁਹਾਡੇ ਅਸੈੱਸਰ ਵਲੋਂ ਦੱਸਿਆ ਜਾਵੇਗਾ ਕਿ ਉਸ ਦੀ ***ਰਾਇ*** ਕੀ ਹੈ
- ਜੇ ਰਾਇ ਇਹ ਹੋਵੇ ਕਿ ਤੁਹਾਨੂੰ ਮਦਦ ਦੀ ਲੋੜ ਹੈ ਤਾਂ ਹੈਲਥ ਅਥਾਰਟੀ ਤੋਂ ਕੋਈ ਨਿਯਤ ਵਿਅਕਤੀ ਤੁਹਾਨੂੰ ਇਕ ***ਚਿੱਠੀ*** ਭੇਜੇਗਾ ਜਿਸ ਵਿਚ ਇਹ ਦੱਸਿਆ ਗਿਆ ਹੋਵੇਗਾ ਕਿ ਉਹ ਅਸਮਰੱਥਾ (ਇਨਕੇਪੇਬਿਲਟੀ) ਦਾ ਸਰਟੀਫਿਕੇਟ ਜਾਰੀ ਕਰਨ ਬਾਰੇ ਵਿਚਾਰ ਕਰ ਰਹੇ ਹਨ

***ਅਸਮਰੱਥਾ ਦਾ ਸਰਟੀਫਿਕੇਟ*** ਦੋ ਚੀਜ਼ਾਂ ਕਰਦਾ ਹੈ:

- ਇਹ ਆਪਣੇ ਪੈਸੇ ਧੇਲੇ ਅਤੇ ਚੀਜ਼ਾਂ ਨੂੰ ਕੰਟਰੋਲ ਕਰਨ ਦੇ ਤੁਹਾਡੇ ਅਧਿਕਾਰ ਨੂੰ ਹਟਾਉਂਦਾ ਹੈ
- ਤੁਹਾਡੇ ਲਈ ਇਨ੍ਹਾਂ ਚੀਜ਼ਾਂ ਦਾ ਬੰਦੋਬਸਤ ਚਲਾਉਣ ਲਈ ਇਹ ਪਬਲਿਕ ਗਾਰਡੀਅਨ ਐਂਡ ਟਰੱਸਟੀ ਨੂੰ "ਪ੍ਰਾਪਰਟੀ ਗਾਰਡੀਅਨ" ਵਜੋਂ ***ਨਿਯੁਕਤ*** ਕਰਦਾ ਹੈ

ਜੇ ਅਸਮਰੱਥਾ ਦਾ ਸਰਟੀਫਿਕੇਟ ਜਾਰੀ ਕਰਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੋਵੇ ਤਾਂ ਤੁਹਾਨੂੰ ਅਤੇ ਤੁਹਾਡੇ ਪਰਿਵਾਰ (ਜੇ ਢੁਕਵਾਂ ਹੋਵੇ) ਨੂੰ:

- ਸਰਟੀਫਿਕੇਟ ਜਾਰੀ ਕਰਨ ਦੇ ਹੈਲਥ ਅਥਾਰਟੀ ਦੇ ਇਰਾਦੇ ਬਾਰੇ ***ਦੱਸਿਆ*** ਜਾਵੇਗਾ।
- ਲਿਖਤੀ ਰੂਪ ਵਿਚ ਇਹ ***ਦੱਸਿਆ*** ਜਾਵੇਗਾ ਕਿ ਫੈਸਲਾ ਕਿਉਂ ਕੀਤਾ ਗਿਆ ਹੈ
- ਨੋਟਿਸ ਦਾ ਜਵਾਬ ਦੇਣ ਲਈ ***ਸਮਾਂ*** ਦਿੱਤਾ ਜਾਵੇਗਾ
- ***ਤੁਹਾਡੇ ਹੱਕਾਂ*** ਅਤੇ ਚੋਣਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ

ਸਿਰਫ ਇਸ ਤੋਂ ਬਿਨਾਂ:

- ਜਦੋਂ ਅਸੈੱਸਰ ਇਹ ਯਕੀਨ ਕਰਦਾ ਹੈ ਕਿ ਤੁਹਾਨੂੰ ਜਾਣਕਾਰੀ ਦੇਣਾ, ਤੁਹਾਨੂੰ ਜਾਂ ਤੁਹਾਡੇ ਪੈਸਿਆਂ ਨੂੰ ਉਸ ਨਾਲੋਂ ***ਜ਼ਿਆਦਾ ਖਤਰੇ*** ਵਿਚ ਪਾਵੇਗਾ, ਜਿੰਨੇ ਉਹ ਤੁਹਾਡੇ ਪੈਸੇ ਅਤੇ ਚੀਜ਼ਾਂ ਤੁਹਾਨੂੰ ਦੱਸਣ ਤੋਂ ***ਪਹਿਲਾਂ*** ਬਚਾਉਣ ਦੀ ਚੋਣ ਕਰ ਸਕਦੇ ਹਨ

☐ ***ਅਗਾਂਹ*** ਕੀ ਹੁੰਦਾ ਹੈ?

- ਜੇ ਹੈਲਥ ਅਥਾਰਟੀ ਤੋਂ ਨਿਯਤ ਵਿਅਕਤੀ ਇਹ ਫੈਸਲਾ ਕਰਦਾ ਹੈ ਕਿ ਅਸਮਰੱਥਾ ਦਾ ਸਰਟੀਫਿਕੇਟ ਜਾਰੀ ਕਰਨਾ ਬਿਹਤਰ ਹੈ ਤਾਂ ਉਹ ਤੁਹਾਨੂੰ ***ਇਕ ਹੋਰ ਚਿੱਠੀ*** ਭੇਜਣਗੇ ਜਿਸ ਵਿਚ ਇਹ ਦੱਸਿਆ ਗਿਆ ਹੋਵੇਗਾ ਕਿ ਅਸਮਰੱਥਾ ਦਾ ਸਰਟੀਫਿਕੇਟ ਜਾਰੀ ਕਰ ਦਿੱਤਾ ਗਿਆ ਹੈ ਜਿਹੜਾ ਪਬਲਿਕ ਗਾਰਡੀਅਨ ਐਂਡ ਟਰੱਸਟੀ ਨੂੰ ਤੁਹਾਡੇ ਪੈਸੇ ਦੀ ਜ਼ਿੰਮੇਵਾਰੀ ਦਿੰਦਾ ਹੈ
- ਪਬਲਿਕ ਗਾਰਡੀਅਨ ਐਂਡ ਟਰੱਸਟੀ ਤੁਹਾਨੂੰ ਇਹ ਦੱਸਣ ਬਾਰੇ ਇਕ ਚਿੱਠੀ ਭੇਜੇਗਾ ਕਿ ਉਨ੍ਹਾਂ ਨਾਲ ***ਸੰਪਰਕ*** ਕਿਵੇਂ ਕਰਨਾ ਹੈ

☐ ***ਕਿਸ*** ਨੂੰ ਫੋਨ ਕਰਨਾ ਹੈ?

ਇਸ ਕਾਰਵਾਈ ਬਾਰੇ ਜੇ ਤੁਹਾਡੇ ਮਨ ਵਿਚ ਫਿਕਰ ਜਾਂ ਸਵਾਲ ਹੋਣ ਤਾਂ ਤੁਸੀਂ ਇਨ੍ਹਾਂ ਨੂੰ ਫੋਨ ਕਰ ਸਕਦੇ ਹੋ:

| | |
|---|---|
| ਪਬਲਿਕ ਗਾਰਡੀਅਨ ਐਂਡ ਟਰੱਸਟੀ | 604.660.4444 |
| ਅਸੈੱਸਰ | |
| ਕੇਸ ਮੈਨੇਜਰ ਜਾਂ ਸੋਸ਼ਲ ਵਰਕਰ | |
| ਡਾਕਟਰ | |
| ਤੁਹਾਡਾ ਵਕੀਲ | |
| ਭਰੋਸੇਯੋਗ ਦੋਸਤ ਜਾਂ ਪਰਿਵਾਰ ਦਾ ਮੈਂਬਰ | |
| ਹੈਲਥ ਅਥਾਰਟੀ ਦਾ ਮੁੱਖ ਸੰਪਰਕ | |
| ਹੋਰ | |